ਵੱਲੋਂ

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ ਲੋ.ਨਿ.ਵਿ. ਭਤੇਮ ਸ਼ਾਖਾ,
ਪਟਿਆਲਾ।

ਵੱਲ

ਜਿਲ੍ਹਾ ਕੰਟਰੋਲਰ,
ਖੁਰਾਕ ਸਿਵਲ ਸਪਲਾਈਜ਼ ਅਤੇ
ਖਪਤਕਾਰ ਮਾਮਲੇ, ਪਟਿਆਲਾ।

ਮੀਮੋ ਨੰ. 5016 ਮਿਤੀ: 26-2-19

ਵਿਸ਼ਾ:- ਮੈਸ: ਈਸਾਰ ਆਇਲ ਐਂਡ ਗੈਸ ਕੰਪਨੀ ਦਾ ਪਟਿਆਲਾ ਪਿਹੋਵਾ ਸੜਕ ਉੱਤੇ ਪਿੰਡ ਬਹਾਦੁਰਪੁਰ ਫਕੀਰਾ ਤਹਿਸੀਲ ਦੁਧਨਸਾਧਾਂ ਜਿਲ੍ਹਾ ਪਟਿਆਲਾ, (ਐਸ.ਐਚ-8) ਵਿਖੇ ਪੈਟਰੋਲ ਪੰਪ ਸਥਾਪਿਤ ਕਰਨ ਲਈ ਅਸੈਸ ਟੂ ਰੋਡ ਦਾ ਐਨ.ਓ.ਸੀ. ਜਾਰੀ ਕਰਨ ਸਬੰਧੀ। (ਕਿ:ਮੀ 24.682 (L.H.S)

ਹਵਾਲਾ:- ਆਪ ਜੀ ਦਾ ਪੱਤਰ ਨੰ: ਨਿ: ਪੈਟ- 17/4571 ਮਿਤੀ 16.06.2017 ਅਤੇ ਪੱਤਰ ਨੰ: ਨਿ:ਪੈਟ੍-17/8344 ਮਿਤੀ 10.10.2017

ਉਪਰੋਕਤ ਵਿਸ਼ੇ ਸੰਬੰਧੀ ਹਵਾਲੇ ਅਧੀਨ ਪੱਤਰ ਦੇ ਸਬੰਧ ਵਿਚ ਉਪ- ਮੰਡਲ, ਇੰਜੀਨੀਅਰ, ਉਸਾਰੀ ਉਪ ਮੰਡਲ ਨੰ:4, ਲੋ:ਨਿ:ਵਿ: ਭਤੇਮ ਸ਼ਾਖਾ, ਪਟਿਆਲਾ ਦੀ ਸਿਫਾਰਸ਼ ਅਨੁਸਾਰ ਆਪ ਨੂੰ ਹੇਠ ਲਿਖੀਆਂ ਸ਼ਰਤਾਂ ਤੇ ਅਸੈਸ ਟੂ ਰੋਡ ਦੀ ਮੰਨਜ਼ੂਰੀ ਦਿੱਤੀ ਜਾਂਦੀ ਹੈ:-

1) ਕੰਪਨੀ/ਪੈਟਰੋਲ ਪੰਪ ਫਰੈਚਾਇਜੀ ਸਰਕਾਰ ਦੀ ਤਾਜਾ ਨੋਟੀਫਿਕੇਸ਼ਨ ਮਿਤੀ 24.01.2019 ਮੁਤਾਬਕ ਰਿਟੇਲ ਆਉਟਲੈਟ ਲਈ ਨਿਰਧਾਰਤ ਸਾਰੀਆਂ ਹਦਾਇਤਾ ਦੀ ਪਾਲਣਾ ਕਰਨ ਦੀ ਪਾਬੰਦ ਹੋਵੇਗੀ।
2) ਕੰਪਨੀ/ਪੈਟਰੋਲ ਪੰਪ ਆਈ.ਆਰ.ਸੀ./ਲੋਕ ਨਿਰਮਾਣ ਵਿਭਾਗ/ਪੁੱਡਾ ਦੀਆਂ ਸਮੇਂ-ਸਮੇਂ ਤੇ ਦਿੱਤੀਆਂ ਗਈਆਂ ਹਦਾਇਤਾਂ/ਸ਼ਰਤਾਂ ਦੀ ਪਾਲਣਾ ਕਰਨ ਦੀ ਪਾਬੰਦ ਹੋਵੇਗੀ।
3) ਕੰਪਨੀ ਕੇਸ ਨਾਲ ਨੱਥੀ ਡਰਾਇੰਗ ਅਨੁਸਾਰ ਪੈਟਰੋਲ ਪੰਪ ਲਈ 9.00 ਮੀ: ਦੇ 2 ਨੰ: ਐਂਟਰੀ ਅਤੇ ਐਗਸਿਟ (Entry & Exist) ਅਤੇ ਦੋਵੇਂ ਪਾਸੇ 5.50 ਮੀ. (18 ਫੁੱਟ) ਚੌੜੀ 70 ਮੀ. ਅਤੇ 100 ਮੀ. ਲੰਬਾਈ ਵਿੱਚ (De-Acceleration Lane ਅਤੇ Acceleration Lane) ਸਮੇਤ ਸਰਵਿਸ ਰੋਡ ਦੀ ਉਸਾਰੀ ਆਪਣੇ ਖੁੱਦ ਦੇ ਪੱਧਰ ਅਤੇ ਖਰਚ ਤੇ ਕਰਨ ਦੀ ਪਾਬੰਦ ਹੋਵੇਗੀ।
4) ਕੰਪਨੀ/ਪੈਟਰੋਲ ਪੰਪ ਦੇ ਫਰੈਚਾਇਜੀ ਇਸ ਗੱਲ ਨੂੰ ਯਕੀਨੀ ਬਣਾਉਣਗੇ ਕੇ ਪੈਟਰੋਲ ਪੰਪ ਵਾਲੀ ਜਗ੍ਹਾਂ ਦਾ ਪਾਣੀ ਸੜਕ ਜਾਂ ਬਰਮ ਤੇ ਨਾ ਆਵੇ।
5) ਕੰਪਨੀ/ਪੈਟਰੋਲ ਪੰਪ ਦੇ ਫਰੈਚਾਇਜੀ ਸਟੱਰਕਚਰ ਦੀ ਉਸਾਰੀ ਨੱਥੀ ਅਪਰੂਵਡ ਡਰਾਇੰਗ ਅਨੁਸਾਰ ਕਰੇਗੀ ਅਤੇ 6-12 ਮਹੀਨੇ ਦੇ ਅੰਦਰ ਅੰਦਰ ਇਸ ਵਿਭਾਗ ਤੋ ਕੰਪਲੀਸ਼ਨ ਸਰਟੀਫ਼ਿਕੇਟ ਪ੍ਰਾਪਤ ਕਰਨ ਉਪਰੰਤ ਹੀ ਪੰਪ ਤੇ ਤੇਲ ਦੀ ਸਪਲਾਈ ਸੁਰੂ ਕਰੇਗੀ।
6) ਕੰਪਨੀ/ਪੈਟਰੋਲ ਪੰਪ ਦੇ ਫਰੈਚਾਇਜੀ ਜਿੱਥੇ ਕਿਤੇ ਵੀ ਸਰਵਿਸ ਰੋਡ, (De-Acceleration Lane ਅਤੇ Acceleration Lane) ਅਤੇ Turing Radius ਲਈ ਮਹਿਕਮੇ ਦੀ ROW ਦੀ ਜਗ੍ਹਾਂ ਘੱਟ ਹੋਣ ਤੇ ਜ਼ੋ ਵੀ ਵਾਧੂ ਜਗ੍ਹਾਂ ਹੀ ਜਰੂਰਤ ਹੋਵੇਗੀ ਤਾਂ ਕੰਪਨੀ/ ਫਰੈਚਾਇਜੀ ਵਾਧੂ ਜ਼ਮਾਂ ਆਪਣੇ ਖੁੱਦ ਦੇ ਪੱਧਰ ਅਤੇ ਖਰਚ ਤੇ Acquired ਕਰਨ ਸਬੰਧੀ ਪੂਰੀ ਤਰਾ ਪਾਬੰਦ ਹੋਣਗੇ।
7) ਕੰਪਨੀ/ਪੈਟਰੋਲ ਪੰਪ ਦੇ ਫਰੈਚਾਇਜੀ ਕੋਈ ਵੀ ਕੱਚੀ ਜਾਂ ਪੱਕੀ ਉਸਾਰੀ ਲੋਕ ਨਿਰਮਾਣ ਵਿਭਾਗ ਦੀ ਹਦੂਦ ਤੋਂ 30m + 5 m for N.G.T ਮੀ: 35 ਮੀਟਰ ਪਿੱਛੇ ਹੱਟ ਕੇ ਕਰੇਗੀ।
8) ਕੰਪਨੀ/ਪੈਟਰੋਲ ਪੰਪ ਦੇ ਫਰੈਚਾਇਜੀ ਵਲੋਂ ਬਫਰ ਸਟਰਿਪ ਦੀ ਉਸਾਰੀ ਲੋਕ ਨਿਰਮਾਣ ਵਿਭਾਗ ਦੀ ਹਦੂਦ ਤੋਂ ਬਾਹਰ ਕੀਤੀ ਜਾਵੇਗੀ।
9) ਕੰਪਨੀ/ਪੈਟਰੋਲ ਪੰਪ ਦੇ ਫਰੈਚਾਇਜੀ ਵਲੋਂ ਪੈਟਰੋਲ ਪੰਪ ਦੀ ਉਸਾਰੀ ਸਮੇਂ ਕੋਈ ਵੀ ਮੈਟੀਰੀਅਲ ਸੜਕ ਜਾਂ ਬਰਮ੍ਹਾਂ ਤੇ ਸਟਾਕ ਨਹੀਂ ਕੀਤਾ ਜਾਵੇਗਾ।
10) ਕੰਪਨੀ/ਪੈਟਰੋਲ ਪੰਪ ਦੇ ਫਰੈਚਾਇਜੀ ਪੈਟਰੋਲ ਪੰਪ ਦੀ ਨਿਸ਼ਾਨਦੇਹੀ ਉਪ ਮੰਡਲ ਇੰਜੀਨੀਅਰ/ਜੂਨੀਅਰ ਇੰਜੀਨੀਅਰ (ਲੋ:ਨਿ:ਵਿ:) ਦੀ ਹਾਜ਼ਰੀ ਵਿੱਚ ਕਰੇਗੀ।

--- ਚਲਦਾ ਪੰਨਾ -----

AUTHORISED SIGNATORY
NAYARA ENERGY LIMITED

11) ਕੰਪਨੀ/ਪੈਟਰੋਲ ਪੰਪ ਦੇ ਫਰੈਚਾਇਜੀ ਵਲੋਂ ਪੰਪ ਦਾ ਪਲਿੰਥ ਲੈਵਲ ਸੜਕ ਦੇ ਲੈਵਲ 2.50% (300mm) ਤੋਂ ਨੀਵਾਂ ਰੱਖਿਆ ਜਾਵੇਗਾ।

12) ਕੰਪਨੀ/ਪੈਟਰੋਲ ਪੰਪ ਦੇ ਫਰੈਚਾਇਜੀ ਵਲੋਂ ਸਲੈਬ ਟਾਇਪ, ਕਲਵਰਟ as per IRC:SP-13 ਅਤੇ ਡਰੇਨ ਦੀ ਉਸਾਰੀ ਨਕਸ਼ੇ ਅਨੁਸਾਰ ਆਪਣੇ ਖ਼ੁੱਦ ਦੇ ਪੱਧਰ ਅਤੇ ਖਰਚੇ ਤੇ ਕਰਨ ਦੀ ਪਾਬੰਦ ਹੋਵੇਗੀ ਅਤੇ ਬਾਅਦ ਵਿੱਚ ਉਨਾਂ ਦੀ ਦੇਖਭਾਲ (Maintenance) ਵੀ ਆਪਣੇ ਖ਼ੁੱਦ ਦੇ ਪੱਧਰ ਅਤੇ ਖਰਚੇ ਤੇ ਕਰਨ ਸਬੰਧੀ ਪੂਰੀ ਤਰਾ ਪਾਬੰਦ ਹੋਵੇਗੀ।

13) ਜੇਕਰ ਕੰਪਨੀ ਨੂੰ ਸਰਵਿਸ ਰੋਡ ਦੀ ਜ਼ਰੂਰਤ ਪਈ ਤਾਂ ਉਸ ਦੀ ਉਸਾਰੀ ਅਤੇ ਦੇਖਭਾਲ ਦਾ ਖਰਚ ਕੰਪਨੀ ਇਸ ਵਿਭਾਗ ਕੋਲ ਲੋੜੀਦੀ ਰਕਮ (ਜੋ ਵੀ ਹੋਵੇਗੀ) ਜਮ੍ਹਾਂ ਕਰਵਾਉਣ ਦੀ ਪਾਬੰਦ ਹੋਵੇਗੀ।

14) ਵਰਤਮਾਨ ਜਾਂ ਭਵਿੱਖ ਵਿੱਚ ਜਦੋਂ ਵੀ ਸੜਕ ਦੀ ਇੰਮਪਰੂਵਮੈਂਟ/ਵਾਇਡਨਿੰਗ, 4/6 ਲੇਨਿੰਗ ਲਈ ਜੋ ਵੀ ਜ਼ਮੀਨ ਸਰਕਾਰ ਨੂੰ ਲੋੜੀਂਦੀ ਹੋਵੇਗੀ ਤਾਂ ਉਸ ਜਗ੍ਹਾਂ ਉਪਰ ਪਹਿਲਾਂ ਕੀਤੀ ਕੱਚੀ ਜਾਂ ਪੱਕੀ ਉਸਾਰੀ ਕੰਪਨੀ ਆਪਣੇ ਖਰਚੇ ਅਤੇ ਪੱਧਰ ਤੇ ਢਾਹੁਣ ਦੀ ਪਾਬੰਦ ਹੋਵੇਗੀ ਅਤੇ ਇਸ ਸਬੰਧੀ ਕੰਪਨੀ (ਫਰੈਚਾਇਜੀ) ਵਲੋ ਕੋਈ ਵੀ ਕਲੇਮ (ਬਗੈਰਾ) ਨਹੀਂ ਕੀਤਾ ਜਾਵੇਗਾ।

15) ਮਾਲਕ/ ਆਥੋਰਾਇਜ਼ਡ ਸਿਗਨੇਟਰੀ ਇਸ ਅਸੈਸ ਟੂ ਰੋਡ ਕੇਸ ਸਬੰਧੀ ਅਗਰ ਕਿਸੇ ਵੀ ਹੋਰ ਸਬੰਧਤ ਮਹਿਕਮੇ ਜਿਵੇਂ ਪ੍ਰਦੂਸ਼ਨ ਕੰਟਰੋਲ ਬੋਰਡ, ਜੰਗਲਾਤ ਮਹਿਕਮਾ ਅਦਿ ਤੋਂ ਵਖਰੀ ਮੰਨਜ਼ੂਰੀ ਲੈਣ ਦੀ ਜ਼ਰੂਰਤ ਪਈ ਤਾਂ ਉਹ ਆਪਣੇ ਪੱਧਰ ਤੇ ਪ੍ਰਾਪਤ ਕਰਨ ਲਈ ਖ਼ੁੱਦ ਜਿੰਮੇਵਾਰ ਹੋਵੇਗਾ।

16) ਕੰਪਨੀ/ਪੈਟਰੋਲ ਪੰਪ ਦੇ ਫਰੈਚਾਇਜੀ ਵਲੋਂ ਸੋਕ ਪਿੱਟ/ਰਿਚਾਰਜ ਪਿੱਟ ਦੀ ਉਸਾਰੀ ਸਪੈਸ਼ੀਫ਼ਿਕਸ਼ੇਨਾਂ ਅਨੁਸਾਰ ਕਰਨ ਦੀ ਪਾਬੰਦ ਹੋਵੇਗੀ।

17) ਕੰਪਨੀ/ਪੈਟਰੋਲ ਪੰਪ ਦੇ ਫਰੈਚਾਇਜੀ ਆਉਣ ਤੇ ਜਾਣ ਵਾਲੇ ਰਸਤੇ (De-Acceleration Lane ਅਤੇ Acceleration Lane) 5.50 ਮੀਟਰ ਵਾਇਡ ਤੇ ਸਾਇਨ ਬੋਰਡ ਲੋੜੀਦੀਆਂ ਲਗਾਉਣ ਸਬੰਧੀ ਪੂਰੀ ਤਰਾ ਪਾਬੰਦ ਹੋਵੇਗੀ।

18) ਪੈਟਰੋਲ ਪੰਪ ਦਾ ਵਾਧੂ ਦਾ ਕੂੜਾ ਕੱਰਕਟ ਗਾਰਬੇਜ਼ ਆਦਿ ਸੜਕ ਜਾਂ ਸੜਕ ਦੀਆਂ ਬਰਮਾਂ ਤੇ ਨਹੀ ਆਉਣ ਦਿੱਤਾ ਜਾਵੇਗਾ। ਇਸ ਸਬੰਧੀ ਪਰਾਪਰ ਡਿਸਪੋਜ਼ਲ ਕਈ ਸਰਕਾਰ ਦੀਆ ਆਧੁਨਿਕ ਪਾਲਸੀਆਂ ਦੀ ਪ੍ਰਤੀ ਪੂਰਤੀ ਕਰਦੇ ਹੋਏ ਕੂੜਾ ਕਰਕਟ, ਗਾਰਵੇਜ਼ ਦੀ ਡਿਸਪੋਜ਼ਲ ਦਾ ਉਚੀਤ ਕਰਨ ਸਬੰਧੀ ਫਰੈਚਾਇਜੀ ਪੂਰਨ ਤੋਰ ਤੇ ਪਾਬੰਦ ਹੋਵੇਗਾ।

19) ਜੇਕਰ 4,00,000/- ਰੁਪਏ ਰਾਸ਼ੀ/ਲੀਜ਼ ਮਨੀ ਤੋਂ ਇਲਾਵਾ ਕੋਈ ਹੋਰ ਵਾਧੂ ਰੇਟ/ਰਾਸ਼ੀ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਜਮ੍ਹਾਂ ਕਰਵਾਉਣੀ ਹੋਵੇਗੀ ਤਾਂ ਉਹ ਰਾਸ਼ੀ ਜਮ੍ਹਾਂ ਕਰਵਾਉਣ ਲਈ ਪੰਪ ਫਰੈਚਾਇਜੀ/ਕੰਪਨੀ (ESSAR) ਹਮੇਸ਼ਾਂ ਲਈ ਪਾਬੰਦ ਰਹੇਗੀ।

20) ਜੇਕਰ ਪੈਟਰੋਲ ਪੰਪ ਫਰੈਚਾਇਜੀ/ਕੰਪਨੀ ਉਕਤ ਹਦਾਇਤਾਂ ਵਿੱਚੋਂ ਕਿਸੇ ਇੱਕ ਦੀ ਵੀ ਪਾਲਣਾ ਨਹੀਂ ਕਰਦੀ ਤਾਂ ਇਹ ਜਾਰੀ ਕੀਤਾ ਗਿਆ ਐਨ.ਓ.ਸੀ. ਬਿਨ੍ਹਾਂ ਕਿਸੇ ਨੋਟਿਸ ਦੇ ਤੁਰੰਤ ਰੱਦ ਕਰਨ ਦਾ ਅਧਿਕਾਰ ਵਿਭਾਗ ਕੋਲ ਰਾਖਵਾਂ ਹੋਵੇਗਾ।

ਨੋਟ: ਜੇਕਰ ਉਪਰੋਕਤ ਲਿਖੀਆਂ ਹਦਾਇਤਾਂ/ਸ਼ਰਤਾਂ ਦੀ ਬਿਨੈ ਕਰਤਾ ਵਲੋ ਉਲੰਘਣਾ ਕੀਤੀ ਗਈ ਤਾਂ ਮਹਿਕਮੇ ਵੱਲੋਂ ਜਾਰੀ ਕੀਤਾ ਐਨ.ਓ.ਸੀ. ਬਿਨਾਂ ਕੋਈ ਨੋਟਿਸ ਦਿੱਤੇ ਰੱਦ ਕਰ ਦਿੱਤਾ ਜਾਵੇਗਾ।

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ (ਭਤੇਮ) ਸ਼ਾਖਾ,
ਪਟਿਆਲਾ।

ਪਿੱਠ ਅੰਕਣ ਨੰ: ਮਿਤੀ :-

ਉਪਰੋਕਤ ਦਾ ਉਤਾਰਾ ਉਪ ਮੰਡਲ ਇੰਜੀਨੀਅਰ, ਉਸਾਰੀ ਉਪ-ਮੰਡਲ, ਲੋ:ਨਿ:ਵਿ: (ਭਤੇਮ) ਸ਼ਾਖਾ, ਸਮਾਣਾ ਨੂੰ ਉਨਾਂ ਦੇ ਪੱਤਰ ਨੰ: 682 ਮਿਤੀ: 11-02-2019 ਦੇ ਹਵਾਲੇ ਵਿਚ ਭੇਜਕੇ ਲਿਖਿਆ ਜਾਂਦਾ ਹੈ, ਕਿ ਉਕਤ ਸ਼ਰਤਾਂ ਅਧਾਰਤ ਅਸੈਸ ਟੂ ਰੋਡ ਦੇ ਕੰਮ ਨੂੰ ਧਿਆਨ ਵਿੱਚ ਰੱਖਿਆ ਜਾਵੇ ਅਤੇ ਨਾਲ ਹੀ ਕੰਮ ਮੁਕੰਮਲ ਹੋਣ ਉਪਰੰਤ ਅਗਲੇਰੀ ਕਾਰਵਾਈ ਕਰਦੇ ਹੋਏ ਰਿਪੋਰਟ ਇਸ ਦਫ਼ਤਰ ਨੂੰ ਭੇਜੀ ਜਾਵੇ। ਇਸ ਤੋਂ ਇਲਾਵਾ ਪ੍ਰਾਰਥੀ ਵੱਲੋਂ ਅਸੈਸ ਟੂ ਰੋਡ ਦੀ ਬਣਦੀ ਫੀਸ ਦੇ ਹੇਠ ਲਿਖੇ 2 ਨੰਬਰ ਡਰਾਫਟ ਆਪ ਨੂੰ ਲੋੜੀਂਦੀ ਕਾਰਵਾਈ ਹਿੱਤ ਭੇਜੇ ਜਾਂਦੇ ਹਨ।

1 ਡਰਾਫਟ ਨੰ: 016451 ਮਿਤੀ 11-02-2019 ਬਾਬਤ ਰਕਮ 4,00,000/- ਰੁਪਏ
2 ਡਰਾਫਟ ਨੰ: 016452 ਮਿਤੀ 11-02-2019 ਬਾਬਤ ਰਕਮ 10,000/- ਰੁਪਏ

ਨੱਥੀ/2 ਨੰਬਰ ਡਰਾਫਟ
ਉਕਤ ਅਨੁਸਾਰ।

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ (ਭਤੇਮ) ਸ਼ਾਖਾ,
ਪਟਿਆਲਾ।

AUTHORISED SIGNATORY
NAYARA ENERGY LIMITED